BRAMPTON

**Media Release**

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ, ਆਰਥਿਕ ਬਹਾਲੀ ਨੂੰ ਸਹਿਯੋਗ ਕਰਨ ਲਈ, ਲੋਕਲ ਰੈਸਟੋਰੈਂਟਾਂ ਅਤੇ ਬਾਰਸ ਦੇ ਦੁਬਾਰਾ ਖੁੱਲਣ ਦੀ ਇਜਾਜ਼ਤ ਮਿਲਣ ਤੇ ਬਾਹਰਲੀਆਂ ਥਾਵਾਂ (ਆਉਟਡੋਰ ਸਪੇਸਿਜ) ਦਾ ਵਿਸਤਾਰ ਕਰਨ ਦੀ ਇਜਾਜ਼ਤ ਦੇਵੇਗੀ

ਬ੍ਰੈਂਪਟਨ, ਓਨਟੈਰੀਓ (15 ਜੂਨ, 2020) – ਪਿਛਲੇ ਹਫ਼ਤੇ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਲੋਕਲ ਰੈਸਟੋਰੈਂਟਾਂ ਅਤੇ ਬਾਰਸ ਨੂੰ ਸਹਿਯੋਗ ਕਰਨ ਲਈ ਯੋਜਨਾਵਾਂ ਨੂੰ ਮਨਜ਼ੂਰੀ ਦਿੱਤੀ ਕਿਉਂਕਿ ਹੁਣ ਉਹ ਦੁਬਾਰਾ ਖੁੱਲਣ ਲਈ ਤਿਆਰ ਹਨ, ਜਦੋਂ ਸੂਬੇ ਵੱਲੋਂ ਇਜਾਜ਼ਤ ਦਿੱਤੀ ਜਾਵੇਗੀ।

ਰੀਜਨਲ ਕਾਉਂਸਲਰ, ਪੈਟ ਫੋਰਟਿਨੀ (Pat Fortini) ਨੇ ਲੋਕਲ ਰੈਸਟੋਰੈਂਟਾਂ ਜੈਕ ਐਸਟਰਸ ਬਾਰ ਐਂਡ ਗ੍ਰਿਲ (Jack Astor's Bar and Grill) ਅਤੇ ਓਸਕਰਸ ਰੋਡਹਾਉਸ ਬਾਰ ਐਂਡ ਗ੍ਰਿਲ (Oscar's Roadhouse Bar and Grill) ਨਾਲ ਗੱਲ ਕਰਨ ਤੋਂ ਬਾਅਦ, ਕਾਉਂਸਿਲ ਨੂੰ ਇੱਕ ਮਤਾ ਪੇਸ਼ ਕੀਤਾ ਸੀ, ਜਿਸ ਵਿੱਚ ਉਹਨਾਂ ਨੇ ਬੇਨਤੀ ਕੀਤੀ ਸੀ ਕਿ ਲੋਕਲ ਰੈਸਟੋਰੈਂਟਾਂ ਅਤੇ ਬਾਰਸ ਨੂੰ ਉਹਨਾਂ ਦੀਆਂ ਬਾਹਰਲੀਆਂ ਥਾਵਾਂ ਦਾ ਵਿਸਤਾਰ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਮਤਾ, ਕਾਉਂਸਿਲ ਵੱਲੋਂ ਸਰਬ-ਸੰਮਤੀ ਨਾਲ ਪਾਸ ਕੀਤਾ ਗਿਆ ਸੀ।

ਬ੍ਰੈਂਪਟਨ ਵਿੱਚ ਰੈਸਟੋਰੈਂਟਾਂ ਅਤੇ ਬਾਰਸ ਨੂੰ ਆਪਣੇ ਪੈਟਿਓ, ਪਗਡੰਡੀਆਂ ਅਤੇ ਨਿੱਜੀ ਪਾਰਕਿੰਗ ਵਾਲੇ ਖੇਤਰਾਂ ਤੱਕ ਵਧਾਉਣ ਦੀ ਇਜਾਜ਼ਤ ਦਿੱਤੀ ਜਾਵੇਗੀ, ਜਿਸ ਨਾਲ ਵੱਧ ਲੋਕ ਬਾਹਰ ਬੈਠ ਸਕਣਗੇ। ਇਹ ਸੂਬੇ ਵੱਲੋਂ, ਬਾਹਰ ਭੋਜਨ ਕਰਨ ਦੀਆਂ ਸੇਵਾਵਾਂ ਨੂੰ ਦੁਬਾਰਾ ਖੋਲ੍ਹਣ ਦੀ ਇਜਾਜ਼ਤ ਦੇਣ ਦੇ ਬਾਅਦ ਹੋਵੇਗਾ। ਇਸ ਵੇਲੇ, ਓਨਟੈਰੀਓ ਸਰਕਾਰ (Ontario Government) ਨੇ, ਰੀਜਨ ਆਫ ਪੀਲ (Region of Peel) ਵਿੱਚ ਰੈਸਟੋਰੈਂਟਾਂ, ਬਾਰਸ ਅਤੇ ਹੋਰ ਸੰਸਥਾਨਾਂ ਨੂੰ ਦੁਬਾਰਾ ਖੋਲ੍ਹਣ ਦੀ ਇਜਾਜ਼ਤ ਨਹੀਂ ਦਿੱਤੀ ਹੈ।

2020 ਵਾਸਤੇ, ਬਾਹਰਲੇ ਪੈਟਿਓ ਅਤੇ ਪਗਡੰਡੀ ਦੀ ਪਰਮਿਟ ਫੀਸ ਤੋਂ ਵੀ ਛੋਟ ਦਿੱਤੀ ਜਾਵੇਗੀ, ਜਿਸ ਨਾਲ ਲੋਕਲ ਰੈਸਟੋਰੈਂਟਾਂ ਅਤੇ ਛੋਟੇ ਕਾਰੋਬਾਰੀਆਂ ਨੂੰ ਉਹਨਾਂ ਦੀ ਬਹਾਲੀ ਵਿੱਚ ਮਦਦ ਮਿਲੇਗੀ।

ਸਿਟੀ ਨੂੰ ਸੁਰੱਖਿਅਤ ਤਰੀਕੇ ਨਾਲ ਅਤੇ ਹੌਲੀ-ਹੌਲੀ ਦੁਬਾਰਾ ਖੋਲ੍ਹਣ ਦੀ ਪਲਾਨਿੰਗ ਜਾਰੀ ਹੈ। ਕਾਉਂਸਿਲ ਅਤੇ ਸਟਾਫ਼, ਪਬਲਿਕ ਹੈਲਥ ਦੇ ਨਿਰਦੇਸ਼ਾਂ ਅਤੇ ਸਰੀਰਕ ਦੂਰੀ ਦੇ ਨਿਯਮਾਂ ਦੀ ਪਾਲਣਾ ਕਰਦੇ ਹੋਏ, ਘੱਟ-ਜੋਖਮ ਵਾਲੇ ਕੰਮਾਂ ਨੂੰ ਵਧਾਉਣ ਦੇ ਤਰੀਕਿਆਂ ਦੀ ਪਛਾਣ ਕਰਨ ਲਈ ਰੈਸਟੋਰੈਂਟਾਂ ਅਤੇ ਕਾਰੋਬਾਰੀਆਂ ਨਾਲ ਮਿਲ ਕੇ ਕੰਮ ਕਰਨਗੇ।

**ਇਕੋਨੋਮਿਕ ਰਿਕਵਰੀ ਸਟ੍ਰੈਟਜੀ**

ਲੋਕਲ ਕਾਰੋਬਾਰ, ਬ੍ਰੈਂਪਟਨ ਦੇ ਅਰਥਚਾਰੇ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ। ਪਿਛਲੇ ਮਹੀਨੇ, ਬ੍ਰੈਂਪਟਨ ਸਿਟੀ ਕਾਉਂਸਿਲ ਨੇ, ਬ੍ਰੈਂਪਟਨ ਦੀ ਇਕੋਨੋਮਿਕ ਰਿਕਵਰੀ ਸਟ੍ਰੈਟਜੀ (Economic Recovery Strategy) ਨੂੰ ਮਨਜ਼ੂਰੀ ਦਿੱਤੀ ਸੀ, ਜਿਸ ਵਿੱਚ ਛੋਟੇ ਕਾਰੋਬਾਰਾਂ, ਰੈਸਟੋਰੈਂਟਾਂ ਅਤੇ ਟੂਰਿਜ਼ਮ ਨੂੰ ਸਹਿਯੋਗ ਕਰਨ ਦੇ ਕੰਮ ਸ਼ਾਮਲ ਹਨ। ਇਸਦੇ ਹਿੱਸੇ ਵਜੋਂ, ਸਿਟੀ ਨੇ ਕੋਵਿਡ-19 (COVID-19) ਦੇ ਦੌਰਾਨ ਅਤੇ ਇਸਤੋਂ ਬਾਅਦ, ਨਿਵਾਸੀਆਂ ਨੂੰ ਲੋਕਲ ਵਸਤਾਂ ਦੀ ਪੜਚੋਲ ਕਰਨ, ਉਹਨਾਂ ਦੀ ਚੋਣ ਕਰਨ ਅਤੇ ਖਰੀਦਣ ਦੀ ਸਲਾਹ ਦਿੰਦੇ ਹੋਏ, ਆਪਣੀ "ਸਪੋਰਟ ਲੋਕਲ" ਮੁਹਿੰਮ ("Support Local" campaign) ਦੀ ਸ਼ੁਰੂਆਤ ਕੀਤੀ ਸੀ।

**ਹਵਾਲੇ**

"ਅਸੀਂ ਲਾਭਕਾਰੀ ਹੱਲਾਂ ਤੇ ਸਾਡੇ ਲੋਕਲ ਕਾਰੋਬਾਰੀਆਂ ਨਾਲ ਕੰਮ ਕਰਨ ਲਈ ਵਚਨਬੱਧ ਹਾਂ ਕਿਉਂਕਿ ਉਹ ਸੁਰੱਖਿਅਤ ਰੂਪ ਨਾਲ ਦੁਬਾਰਾ ਖੋਲ੍ਹਣ ਲਈ ਜ਼ਰੂਰੀ ਸਮਾਯੋਜਨ ਕਰ ਰਹੇ ਹਨ। ਮੇਰਾ ਪਰਿਵਾਰ ਸਾਡੇ ਲੋਕਲ ਰੈਸਟੋਰੈਂਟਾਂ ਤੋਂ, ਹਰੇਕ ਟੇਕਆਉਟ ਵੈਡਨੈਸਡੇ (ਹਰ ਬੁੱਧਵਾਰ ਨੂੰ ਲੋਕਲ ਰੈਸਟੋਰੈਂਟਾਂ ਤੋਂ

ਭੋਜਨ ਖਰੀਦ ਕੇ ਲੈ ਜਾਣਾ) ਦਾ ਅਨੰਦ ਮਾਣ ਰਿਹਾ ਹੈ। ਮੈਂ ਬਾਹਰ ਭੋਜਨ ਕਰਨ ਅਤੇ ਲੋਕਲ ਨੂੰ ਸਹਿਯੋਗ ਦੇਣਾ ਜਾਰੀ ਰੱਖਣ ਲਈ ਬੇਹੱਦ ਉਤਸ਼ਾਹਿਤ ਹਾਂ, ਜਦੋਂ ਅਜਿਹਾ ਕਰਨ ਦੀ ਇਜਾਜ਼ਤ ਹੋਵੇਗੀ ਅਤੇ ਇਹ ਸੁਰੱਖਿਅਤ ਹੋਵੇਗਾ।"

– *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਅਸੀਂ ਸਾਡੇ ਲੋਕਲ ਰੈਸਟੋਰੈਂਟਾਂ ਦੀ ਸਪਸ਼ਟ ਰਾਏ ਲਈ ਹੈ ਕਿ ਕੋਵਿਡ-19 ਦੇ ਨਤੀਜੇ ਵਜੋਂ ਉਹਨਾਂ ਤੇ ਕਿੰਨਾ ਬੁਰਾ ਅਸਰ ਪਿਆ ਹੈ। ਜਿਵੇਂ ਕਿ ਹੁਣ ਹੌਲੀ-ਹੌਲੀ ਦੁਬਾਰਾ ਖ੍ਹੋਲਣ ਦਾ ਕੰਮ ਜਾਰੀ ਹੈ, ਅਸੀਂ ਸਾਡੇ ਲੋਕਲ ਕਾਰੋਬਾਰਾਂ ਦੀ ਪੂਰੀ ਅਤੇ ਸੁਰੱਖਿਅਤ ਬਹਾਲੀ ਵਿੱਚ ਮਦਦ ਕਰਨ ਦੇ ਸਾਰੇ ਤਰੀਕਿਆਂ ਤੇ ਵਿਚਾਰ ਕਰਾਂਗੇ।"

– *ਗੁਰਪ੍ਰੀਤ ਢਿੱਲੋਂ (Gurpreet Dhillon), ਰੀਜਨਲ ਕਾਊਂਸਲਰ, ਵਾਰਡਸ 9 ਅਤੇ 10; ਚੇਅਰ, ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰ; ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਦੇ ਛੋਟੇ ਕਾਰੋਬਾਰੀਆਂ ਦੀ ਭਲਾਈ, ਸਾਡੇ ਲਈ ਸਭ ਤੋਂ ਪਹਿਲਾਂ ਹੈ, ਹੁਣ ਕਾਰੋਬਾਰੀਆਂ ਨੂੰ ਉਹਨਾਂ ਦੀਆਂ ਬਾਹਰਲੀਆਂ ਥਾਵਾਂ ਵਿੱਚ ਇਹਨਾਂ ਤਬਦੀਲੀਆਂ ਦੀ ਯੋਜਨਾ ਨੂੰ ਇਜਾਜ਼ਤ ਦੇਣ ਨਾਲ, ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲੇਗੀ ਕਿ ਜਦੋਂ ਸਾਨੂੰ ਸੂਬੇ ਅਤੇ ਪੀਲ ਪਬਲਿਕ ਹੈਲਥ ਵੱਲੋਂ ਇਜਾਜ਼ਤ ਮਿਲੇਗੀ ਤਾਂ ਉਹ ਦੁਬਾਰਾ ਖ੍ਹੋਲਣ ਲਈ ਤਿਆਰ ਹੋਣਗੇ।"

– *ਪਾੱਲ ਵਿਸੇਂਟ (Paul Vicente), ਰੀਜਨਲ ਕਾਊਂਸਲਰ, ਵਾਰਡਸ 1 ਅਤੇ 5; ਵਾਈਸ-ਚੇਅਰ, ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰ; ਸਿਟੀ ਆਫ ਬ੍ਰੈਂਪਟਨ*

"ਸਾਡੇ ਸਟਾਫ਼ ਅਤੇ ਕਾਉਂਸਿਲ ਨੇ ਸਾਡੇ ਲੋਕਲ ਕਾਰੋਬਾਰੀਆਂ ਅਤੇ ਸਟੇਕਹੋਲਡਰਾਂ ਦੀਆਂ ਲੋੜਾਂ ਨੂੰ ਸੁਣਿਆ ਹੈ ਅਤੇ ਅਸੀਂ ਉਹਨਾਂ ਦੇ ਦੁਬਾਰਾ ਖ੍ਹੋਲਣ ਦੀ ਪ੍ਰਕਿਰਿਆ ਵਿੱਚ ਉਹਨਾਂ ਨੂੰ ਸਹਿਯੋਗ ਕਰਨ ਲਈ ਹਰ ਸੰਭਵ ਕਦਮ ਚੁੱਕ ਰਹੇ ਹਾਂ। ਸਿਟੀ ਦੇ ਤੌਰ ਤੇ, ਸਾਡੀ ਭੂਮਿਕਾ, ਸਾਡੇ ਭਾਈਚਾਰੇ ਦੀ ਸਮੂਹਿਕ ਬਹਾਲੀ ਅਤੇ ਸੁਰੱਖਿਆ ਨੂੰ ਸਹਿਯੋਗ ਕਰਨਾ ਹੈ। ਮੈਨੂੰ ਪਤਾ ਹੈ ਕਿ ਬਾਹਰਲੀਆਂ ਥਾਵਾਂ ਦਾ ਵਿਸਤਾਰ ਇਸ ਵਿੱਚ ਮਦਦ ਕਰੇਗਾ।"

– *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਓਨਟੈਰੀਓ ਰੈਸਟੋਰੈਂਟ ਹੋਟਲ ਐਂਡ ਮੋਟਲ ਐਸੋਸੀਏਸ਼ਨ, ਬਾਹਰਲੀਆਂ ਥਾਵਾਂ ਨੂੰ ਖ੍ਹੋਲਣ ਅਤੇ ਇਹਨਾਂ ਖੇਤਰਾਂ ਦੇ ਵਿਸਤਾਰ ਦੀ ਇਜਾਜ਼ਤ ਦੇਣ ਲਈ ਮਤਾ ਪਾਸ ਕਰਵਾਉਣ ਲਈ ਸਿਟੀ ਆਫ ਬ੍ਰੈਂਪਟਨ ਦੀ ਪ੍ਰਸ਼ੰਸਾ ਕਰਦਾ ਹੈ। ਰੈਸਟੋਰੈਂਟਾਂ ਨੂੰ ਕਾਫੀ ਨੁਕਸਾਨ ਹੋਇਆ ਹੈ ਅਤੇ ਇਸ ਇਜਾਜ਼ਤ ਨਾਲ ਉਹ ਉਪਭੋਗਤਾਵਾਂ ਵਿੱਚ ਹੌਲੀ-ਹੌਲੀ ਭਰੋਸਾ ਕਾਇਮ ਕਰ ਸਕਣਗੇ ਤਾਂ ਜੋ ਉਹ ਪੇਸ਼ ਕੀਤੇ ਜਾਣ ਵਾਲੇ ਸੁਆਦੀ ਭੋਜਨ ਵਾਸਤੇ ਉਹਨਾਂ ਦੇ ਰੈਸਟੋਰੈਂਟਾਂ ਵਿੱਚ ਆਉਣ।"

– *ਟੋਨੀ ਇਲੇਨਿਸ (Tony Elenis), ਪ੍ਰੈਜ਼ੀਡੈਂਟ ਅਤੇ ਚੀਫ ਐਗਜ਼ੀਕਿਉਟਿਵ ਅਫਸਰ, ਓਨਟੈਰੀਓ ਰੈਸਟੋਰੈਂਟ ਹੋਟਲ ਐਂਡ ਮੋਟਲ ਐਸੋਸੀਏਸ਼ਨ (ਓ.ਐਰ.ਐਚ.ਐਮ.ਏ.)*

"ਡਾਉਨਟਾਉਨ ਬ੍ਰੈਂਪਟਨ ਵਿੱਚ ਲੰਮੇ-ਸਮੇਂ ਤੋਂ ਸਥਾਪਿਤ ਅਤੇ ਉੱਚ-ਤਕਨੀਕ ਵਾਲੇ ਕਾਰੋਬਾਰ ਦੇ ਤੌਰ ਤੇ, ਅਸੀਂ ਇਸ ਬੇਹੱਦ ਮੁਸ਼ਕਲ ਸਮੇਂ ਦੇ ਦੌਰਾਨ, ਸਾਡੇ ਭਾਈਚਾਰੇ ਅਤੇ ਸਿਟੀ ਵੱਲੋਂ ਦਰਸਾਏ ਜਾਣ ਵਾਲੇ ਸਹਿਯੋਗ ਲਈ ਉਹਨਾਂ ਦੇ ਬਹੁਤ-ਬਹੁਤ ਧੰਨਵਾਦੀ ਹਾਂ। ਸਿਟੀ ਵੱਲੋਂ ਐਲਾਨੀਆਂ ਗਈਆਂ ਇਹਨਾਂ ਤਬਦੀਲੀਆਂ ਨਾਲ ਅਸੀਂ ਦੁਬਾਰਾ ਖ੍ਹੋਲਣ ਦੀ ਇਜਾਜ਼ਤ ਮਿਲਣ ਤੇ, ਵੱਧ ਤੋਂ ਵੱਧ ਸੁਰੱਖਿਅਤ ਤਰੀਕੇ ਨਾਲ, ਵੱਧ ਸੰਖਿਆ ਵਿੱਚ ਸਾਡੇ ਸਨਮਾਨਿਤ ਅਤੇ ਗੈਰ-ਮੌਜੂਦ ਗਾਹਕਾਂ ਨੂੰ ਥਾਂ ਦੇ ਸਕਾਂਗੇ। ਮੈਂ ਜਲਦੀ ਤੋਂ ਜਲਦੀ ਹਰੇਕ ਨੂੰ ਇੱਥੇ ਦੇਖਣ ਲਈ ਉਤਸ਼ਾਹਿਤ ਹਾਂ, ਜਦੋਂ ਅਜਿਹਾ ਕਰਨਾ ਸੁਰੱਖਿਅਤ ਹੋਵੇ।"

– *ਸਬੀਨਾ ਕੌਲਟਰ (Sabena Coulter), ਮਾਲਕ, ਫੈਂਜ਼ੋਰੇਲੀਜ ਰੈਸਟੋਰੈਂਟ ਐਂਡ ਵਾਈਨ ਬਾਰ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

# Media Release

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca